"ਸਕਾਸ਼ ਦੇਣ ਦੀ ਸੇਵਾ ਕਰਨ ਦੇ ਲਈ ਲਗਾਵਮੁਕਤ ਬਣ ਬੇਹੱਦ ਦੇ ਵੈਰਾਗੀ ਬਣੋ"

ਅੱਜ ਦਾ ਦਿਨ ਵਿਸ਼ੇਸ਼ ਸਨੇਹ ਦਾ ਦਿਨ ਹੈ। ਅੰਮ੍ਰਿਤਵੇਲੇ ਤੋਂ ਲੈਕੇ ਚਾਰੋਂ ਪਾਸੇ ਦੇ ਬੱਚੇ ਆਪਣੇ ਦਿਲ ਦੇ ਸਨੇਹ ਨੂੰ ਬਾਪਦਾਦਾ ਦੇ ਅਰਥ ਅਰਪਿਤ ਕਰ ਰਹੇ ਸਨ। ਸਰਵ ਬੱਚਿਆਂ ਦੇ ਸਨੇਹ ਦੇ ਮੋਤੀਆਂ ਦੀਆਂ ਮਾਲਾਵਾਂ ਬਾਪਦਾਦਾ ਦੇ ਗਲੇ ਵਿਚ ਪੈਂਦੀਆਂ ਜਾਂਦੀਆਂ ਸਨ। ਅੱਜ ਦੇ ਦਿਨ ਇੱਕ ਪਾਸੇ ਸਨੇਹ ਦੇ ਮੋਤੀਆਂ ਦੀਆਂ ਮਾਲਾਵਾਂ, ਦੂਜੇ ਪਾਸੇ ਮਿੱਠੇ - ਮਿੱਠੇ ਉਲਹਮਿਆਂ ਦੀਆਂ ਮਾਲਾਵਾਂ ਵੀ ਸਨ। ਲੇਕਿਨ ਇਸ ਵਰ੍ਹੇ ਉਲਾਹਮਿਆਂ ਵਿੱਚ ਫਰਕ ਵੇਖਿਆ। ਪਹਿਲਾਂ ਉਲਾਹਮੇ ਹੁੰਦੇ ਸਨ ਸਾਨੂੰ ਵੀ ਨਾਲ ਲੈ ਜਾਂਦੇ, ਅਸੀਂ ਸਾਕਾਰ ਪਾਲਣਾ ਨਹੀਂ ਲਈ...। ਇਸ ਵਰ੍ਹੇ ਮਿੱਜੋਰਟੀ ਦਾ ਉਲਾਹਮਾ ਇਹ ਰਿਹਾ ਕਿ ਹੁਣ ਬਾਪ ਸਮਾਨ ਬਣ ਤੁਹਾਡੇ ਕੋਲ ਪਹੁੰਚ ਜਾਈਏ। ਸਮਾਨ ਬਣਨ ਦਾ ਉਮੰਗ ਉਤਸਾਹ ਮਿੱਜੋਰਟੀ ਵਿੱਚ ਚੰਗਾ ਰਿਹਾ

ਸਮਾਨ ਬਣਨ ਦੀ ਇੱਛਾ ਬਹੁਤ ਤੀਵ੍ਰ ਹੈ, ਬਣ ਜਾਈਏ ਅਤੇ ਆ ਜਾਈਏ, ਇਹ ਸੰਕਲਪ ਰੂਹਰਿਹਾਨ ਵਿੱਚ ਬਹੁਤ ਬੱਚਿਆਂ ਦਾ ਰਿਹਾ। ਬਾਪਦਾਦਾ ਵੀ ਇਹ ਹੀ ਬੱਚਿਆਂ ਨੂੰ ਕਹਿੰਦੇ ਹਨ - ਸਮਾਨ ਭਵ, ਸੰਪੰਨ ਭਵ, ਸੰਪੂਰਨ ਭਵ। ਇਸ ਦਾ ਸਾਧਨ ਸਦਾ ਲਈ ਬਹੁਤ ਸਹਿਜ ਹੈ , ਸਭ ਤੋਂ ਸਹਿਜ ਸਾਧਨ ਹੈ - ਸਦਾ ਸਨੇਹ ਦੇ ਸਾਗਰ ਵਿਚ ਸਮਾ ਜਾਵੋ। ਜਿਵੇਂ ਅੱਜ ਦਾ ਦਿਨ ਸਨੇਹ ਵਿੱਚ ਸਮਾਏ ਹੋਏ ਸਨ ਹੋਰ ਕੁਝ ਯਾਦ ਸੀ? ਸਿਵਾਏ ਬਾਪਦਾਦਾ ਦੇ ਹੋਰ ਕੁਝ ਯਾਦ ਰਿਹਾ? ਉਠਦੇ, ਬੈਠਦੇ ਸਨੇਹ ਵਿੱਚ ਸਮਾਏ ਰਹੇ। ਚਲਦੇ - ਫਿਰਦੇ ਕੀ ਯਾਦ ਰਿਹਾ? ਬ੍ਰਹਮਾ ਬਾਪ ਦੇ ਚਰਿਤ੍ਰ ਅਤੇ ਚਿਤ੍ਰ, ਚਿੱਤਰ ਵੀ ਸਾਮ੍ਹਣੇ ਰਿਹਾ ਅਤੇ ਚਰਿਤ੍ਰ ਵੀ ਸਮ੍ਰਿਤੀ ਵਿਚ ਰਹੇ। ਸਭ ਨੇ ਸਨੇਹ ਦਾ ਅਨੁਭਵ ਅੱਜ ਵਿਸ਼ੇਸ਼ ਕੀਤਾ ਨਾ? ਮਿਹਨਤ ਲੱਗੀ? ਸਹਿਜ ਹੋ ਗਿਆ ਨਾ! ਸਨੇਹ ਅਜਿਹੀ ਸ਼ਕਤੀ ਹੈ ਜੋ ਸਭ ਕੁਝ ਭੁਲਾ ਦਿੰਦੀ ਹੈ। ਨਾ ਦੇਹ ਯਾਦ ਆਉਂਦੀ, ਨਾ ਦੇਹ ਦੀ ਦੁਨੀਆ ਯਾਦ ਆਉਂਦੀ। ਸਨੇਹ ਮਿਹਨਤ ਤੋਂ ਛੁਡਾ ਦਿੰਦਾ ਹੈ। ਜਿੱਥੇ ਮੁੱਹਬਤ ਹੁੰਦੀ ਹੈ ਉਥੇ ਮਿਹਨਤ ਨਹੀਂ ਹੁੰਦੀ ਹੈ। ਸਨੇਹ ਸਦਾ ਸਹਿਜ ਬਾਪਦਾਦਾ ਦਾ ਹੱਥ ਆਪਣੇ ਉਪਰ ਅਨੁਭਵ ਕਰਾਉਂਦਾ ਹੈ। ਸਨੇਹ ਛਤ੍ਰ ਛਾਇਆ ਬਣ ਮਾਇਆਜਿੱਤ ਬਣਾ ਦਿੰਦਾ ਹੈ। ਕਿੰਨਾਂ ਵੀ ਵੱਡਾ ਸਮੱਸਿਆ ਰੂਪੀ ਪਹਾੜ ਹੋਵੇ, ਸਨੇਹ ਪਹਾੜ ਨੂੰ ਵੀ ਪਾਣੀ ਜਿਹਾ ਹਲਕਾ ਬਣਾ ਦਿੰਦਾ ਹੈ। ਤਾਂ ਸਨੇਹ ਵਿੱਚ ਰਹਿਣਾ ਆਉਂਦਾ ਹੈ ਨਾ? ਅੱਜ ਰਹਿ ਕੇ ਵੇਖਿਆ ਨਾ! ਕੁਝ ਯਾਦ ਰਿਹਾ? ਨਹੀਂ ਰਿਹਾ ਨਾ! ਬਾਬਾ, ਬਾਬਾ ਅਤੇ ਬਾਬਾ… ਇੱਕ ਦੀ ਹੀ ਯਾਦ ਵਿੱਚ ਲਵਲੀਨ ਰਹੇ। ਤਾਂ ਬਾਪਦਾਦਾ ਕਹਿੰਦੇ ਹਨ ਹੋਰ ਕੋਈ ਪੁਰਸ਼ਾਰਥ ਨਹੀਂ ਕਰੋ, ਸਨੇਹ ਦੇ ਸਾਗਰ ਵਿਚ ਸਮਾ ਜਾਵੋ। ਸਮਾਉਣਾ ਆਉਂਦਾ ਹੈ? ਕਦੇ - ਕਦੇ ਬੱਚੇ ਸਨੇਹ ਦੇ ਸਾਗਰ ਵਿਚ ਸਮਾਉਂਦੇ ਹਨ ਲੇਕਿਨ ਥੋੜ੍ਹਾ ਜਿਹਾ ਸਮਾਂ ਸਮਾਇਆ, ਫਿਰ ਬਾਹਰ ਨਿਕਲ ਆਉਂਦੇ ਹਨ। ਹੁਣੇ - ਹੁਣੇ ਕਹਿੰਦੇ ਬਾਬਾ, ਮਿੱਠਾ ਬਾਬਾ, ਪਿਆਰਾ ਬਾਬਾ ਅਤੇ ਹੁਣੇ - ਹੁੰਦੇ ਬਾਹਰ ਨਿਕਲਦੇ ਅਤੇ ਗੱਲਾਂ ਵਿੱਚ ਲੱਗ ਜਾਂਦੇ ਹਨ। ਬਸ ਸਿਰਫ ਥੋੜ੍ਹੀ ਜਿਹੀ ਜਿਵੇਂ ਕੋਈ ਬਸ ਡੁੱਬਕੀ ਲਗਾਕੇ ਨਿਕਲ ਆਉਂਦਾ ਹੈ ਨਾ, ਇਵੇਂ ਸਨੇਹ ਵਿੱਚ ਸਮਾਇਆ, ਡੁੱਬਕੀ ਲਗਾਈ, ਨਿਕਲ ਆਏ। ਸਮਾਏ ਰਹੋ, ਤਾਂ ਸਨੇਹ ਦੀ ਸ਼ਕਤੀ ਸਭ ਤੋਂ ਸਹਿਜ ਮੁਕਤ ਕਰ ਦਵੇਗੀ।

ਸਾਰੇ ਬੱਚਿਆਂ ਨੂੰ ਬ੍ਰਾਹਮਣ ਜਨਮ ਦੇ ਆਦਿ ਦਾ ਅਨੁਭਵ, ਸਨੇਹ ਨੇ ਬ੍ਰਾਹਮਣ ਬਣਾਇਆ। ਸਨੇਹ ਨੇ ਪਰਿਵਰਤਨ ਕੀਤਾ। ਆਪਣੇ ਜਨਮ ਦੇ ਆਦਿ ਸਮੇਂ ਦਾ ਅਨੁਭਵ ਯਾਦ ਹੈ ਨਾ? ਗਿਆਨ ਅਤੇ ਯੋਗ ਤੋਂ ਮਿਲਿਆ ਲੇਕਿਨ ਸਨੇਹ ਨੇ ਆਕਰਸ਼ਿਤ ਕਰ ਬਾਪ ਦਾ ਬਣਾਇਆ। ਜੇਕਰ ਸਦਾ ਸਨੇਹ ਦੀ ਸ਼ਕਤੀ ਵਿੱਚ ਰਹੋ ਤਾਂ ਸਦਾ ਦੇ ਲਈ ਮਿਹਨਤ ਤੋਂ ਮੁਕਤ ਹੋ ਜਾਵੋਗੇ। ਉਵੇਂ ਵੀ ਮੁਕਤੀ ਵਰ੍ਹਾ ਮਨਾ ਰਹੇ ਹੋ ਨਾ। ਤਾਂ ਮਿਹਨਤ ਤੋਂ ਵੀ ਮੁਕਤ, ਉਸ ਦਾ ਸਾਧਨ ਹੈ - ਸਨੇਹ ਵਿਚ ਸਮਾਏ ਹੋਏ ਰਹੋ। ਸਨੇਹ ਦਾ ਅਨੁਭਵ ਸਭ ਨੂੰ ਹੈ ਨਾ? ਜਾਂ ਨਹੀਂ ਹੈ? ਜੇਕਰ ਕਿਸੇ ਤੋਂ ਵੀ ਪੁੱਛੋਗੇ ਕਿ ਬਾਪਦਾਦਾ ਨਾਲ ਸਭ ਤੋਂ ਜਿਆਦਾ ਸਨੇਹ ਕਿਸ ਦਾ ਹੈ? ਤਾਂ ਸਾਰੇ ਹੱਥ ਉਠਾਉਣਗੇ ਮੇਰਾ ਹੈ (ਸਭ ਨੇ ਹੱਥ ਹਿਲਾਇਆ) ਸਾਇਲੈਂਸ ਦਾ ਹੱਥ ਉਠਾਓ, ਆਵਾਜ਼ ਵਾਲਾ ਨਹੀਂ। ਤਾਂ ਬਾਪਦਾਦਾ ਅੱਜ ਇਹ ਹੀ ਕਹਿੰਦੇ ਹਨ ਕਿ ਸਨੇਹ ਦੀ ਸ਼ਕਤੀ ਸਦਾ ਕੰਮ ਵਿੱਚ ਲਗਾਓ। ਸਹਿਜ ਹੈ ਨਾ! ਯੋਗ ਲਗਾਉਂਦੇ ਹੋ - ਦੇਹ ਭੁੱਲ ਜਾਵੇ, ਦੇਹ ਦੀ ਦੁਨੀਆ ਭੁੱਲ ਜਾਵੇ, ਮਾਯਾਜਿਤ ਬਣੋ। ਜਦੋਂ ਸਨੇਹ ਦੀ ਛਤ੍ਰਛਾਇਆ ਵਿੱਚ ਰਹੋਗੇ, ਤਾਂ ਸਨੇਹ ਦੀ ਛਤ੍ਰਛਾਇਆ ਦੇ ਅੰਦਰ ਮਾਇਆ ਨਹੀਂ ਆ ਸਕੇਗੀ। ਸਨੇਹ ਦੇ ਸਾਗਰ ਤੋਂ ਬਾਹਰ ਆਉਂਦੇ ਹੋ ਨਾ ਤਾਂ ਮਾਇਆ ਵੇਖ ਲੈਂਦੀ ਹੈ ਅਤੇ ਆਪਣਾ ਬਣਾ ਲੈਂਦੀ ਹੈ, ਨਿਕਲੋ ਹੀ ਨਹੀਂ। ਸਮਾਏ ਰਹੋ। ਸਨੇਹੀ ਕੋਈ ਵੀ ਕੰਮ ਕਰਦੇ ਹੋਏ ਸਨੇਹੀ ਨੂੰ ਨਹੀਂ ਭੁੱਲ ਸਕਦਾ। ਸਨੇਹ ਵਿੱਚ ਖੋਇਆ ਹੋਇਆ ਸਭ ਕੰਮ ਕਰਦਾ ਹੈ। ਤਾਂ ਜਿਵੇਂ ਅੱਜ ਦੇ ਦਿਨ ਖੋਏ ਰਹੇ, ਇਵੇਂ ਸਦਾ ਸਨੇਹ ਵਿਚ ਨਹੀਂ ਰਹਿ ਸਕਦੇ ਹੋ ਕੀ? ਸਨੇਹ ਸਹਿਜ ਹੀ ਸਮਾਨ ਬਣਾ ਦੇਵੇਗਾ ਕਿਉਂਕਿ ਜਿਸ ਦੇ ਨਾਲ ਸਨੇਹ ਹੈ ਉਸ ਵਰਗਾ ਬਣਨਾ, ਇਹ ਮੁਸ਼ਕਿਲ ਨਹੀਂ ਹੁੰਦਾ ਹੈ।

ਬ੍ਰਹਮਾ ਬਾਪ ਨਾਲ ਦਿਲ ਦਾ ਪਿਆਰ ਹੈ, ਬ੍ਰਹਮਾ ਬਾਪ ਦਾ ਵੀ ਬੱਚਿਆਂ ਦੇ ਨਾਲ ਅਤੀ ਸਨੇਹ ਹੈ। ਸਦਾ ਇੱਕ - ਇੱਕ ਬੱਚੇ ਨੂੰ ਇਮ੍ਰਜ ਕਰ ਵਿਸ਼ੇਸ਼ ਸਮਾਨ ਬਣਨ ਦੀ ਸਕਾਸ਼ ਦਿੰਦੇ ਰਹਿੰਦੇ ਹਨ। ਜਿਵੇਂ ਪਾਸਟ ਜੀਵਨ ਵਿੱਚ ਇੱਕ - ਇੱਕ ਰਤਨ ਨੂੰ ਵੇਖਦੇ , ਹਰ ਇੱਕ ਰਤਨ ਦੇ ਮੁੱਲ ਨੂੰ ਜਾਣਦੇ ਵਿਸ਼ੇਸ਼ ਕੰਮ ਵਿੱਚ ਲਗਾਉਂਦੇ, ਇਵੇਂ ਹੁਣ ਵੀ ਇੱਕ - ਇੱਕ ਰਤਨ ਨੂੰ ਵਿਸ਼ੇਸ਼ ਰੂਪ ਨਾਲ ਵਿਸ਼ੇਸ਼ਤਾ ਨੂੰ ਕੰਮ

ਵਿੱਚ ਲਗਾਉਣ ਦਾ ਸਦਾ ਸੰਕਲਪ ਦਿੰਦੇ ਰਹਿੰਦੇ। ਅਤੇ ਹਰ ਇੱਕ ਦੀ ਵਿਸ਼ੇਸ਼ਤਾ ਦੀ ਵਾਹ - ਵਾਹ ਗਾਉਂਦੇ ਰਹਿੰਦੇ। ਵਾਹ ਮੇਰਾ ਅਮੁੱਲ ਰਤਨ। ਕਈ ਬੱਚੇ ਸੋਚਦੇ ਹਨ ਕਿ ਬ੍ਰਹਮਾ ਬਾਪ ਵਤਨ ਵਿੱਚ ਕੀ ਕਰਦੇ ਹਨ? ਅਸੀਂ ਤਾਂ ਇੱਥੇ ਸੇਵਾ ਕਰਦੇ ਰਹਿੰਦੇ ਅਤੇ ਬ੍ਰਹਮਾ ਬਾਪ ਵਤਨ ਵਿੱਚ ਕੀ ਕਰਦੇ? ਲੇਕਿਨ ਬਾਪ ਕਹਿੰਦੇ ਹਨ ਜਿਵੇਂ ਸਾਕਾਰ ਰੂਪ ਵਿਚ ਸਦਾ ਬੱਚਿਆਂ ਦੇ ਨਾਲ ਰਹੇ, ਇਵੇਂ ਵਤਨ ਵਿਚ ਵੀ ਰਹਿੰਦੇ ਹਨ। ਬੱਚਿਆਂ ਦੇ ਨਾਲ ਹੀ ਰਹਿੰਦੇ ਹਨ, ਇਕੱਲੇ ਨਹੀਂ ਰਹਿੰਦੇ ਹਨ। ਬੱਚਿਆਂ ਦੇ ਬਿਗਰ ਬਾਪ ਨੂੰ ਵੀ ਮਜਾ ਨਹੀਂ ਆਉਂਦਾ। ਜਿਵੇਂ ਬੱਚਿਆਂ ਨੂੰ ਬਾਪ ਦੇ ਬਿਨਾਂ ਕੁਝ ਸੁਝਦਾ ਨਹੀਂ, ਇਵੇਂ ਬਾਪ ਨੂੰ ਵੀ ਬੱਚਿਆਂ ਦੇ ਬਿਨਾਂ ਹੋਰ ਕੁਝ ਨਹੀਂ ਸੁਝਦਾ। ਇੱਕ ਨਹੀਂ ਰਹਿੰਦੇ ਹਨ, ਨਾਲ ਹੀ ਰਹਿੰਦੇ ਹਨ। ਸਾਕਾਰ ਵਿੱਚ ਤੇ ਸਾਥ ਦਾ ਅਨੁਭਵ ਸਾਕਾਰ ਰੂਪ ਵਿਚ ਥੋੜੇ ਬੱਚੇ ਕਰ ਸਕਦੇ ਸਨ, ਹੁਣ ਤਾਂ ਅਵਿਅਕਤ ਰੂਪ ਵਿਚ, ਹਰ ਬੱਚੇ ਦੇ ਨਾਲ ਜਿਸ ਸਮੇਂ ਚਾਉਣ, ਜਦੋਂ ਚਾਉਣ ਸਾਥ ਨਿਭਾਉਂਦੇ ਰਹਿੰਦੇ ਹਨ। ਜਿਵੇਂ ਚਿੱਤਰਾਂ ਵਿੱਚ ਵਿਖਾਉਂਦੇ ਹਨ ਨਾ - ਉਨ੍ਹਾਂ ਨੇ ਇੱਕ - ਇੱਕ ਗੋਪੀ ਦੇ ਨਾਲ ਕ੍ਰਿਸ਼ਨ ਨੂੰ ਵਿਖਾ ਦਿੱਤਾ ਲੇਕਿਨ ਇਹ ਇਸ ਵੇਲੇ ਦਾ ਗਾਇਨ ਹੈ। ਹੁਣ ਅਵਿਅਕਤ ਰੂਪ ਵਿਚ ਹਰ ਬੱਚੇ ਦੇ ਨਾਲ ਜਦੋਂ ਚਾਉਣ, ਭਾਵੇਂ ਰਾਤ ਦੇ ਦੋ ਵਜੇ, ਢਾਈ ਵਜੇ, ਕਿਸੇ ਵੀ ਵੇਲੇ ਸਾਥ ਨਿਭਾਉਂਦੇ ਰਹਿੰਦੇ ਹਨ। ਸਾਕਾਰ ਵਿਚ ਤੇ ਸੈਂਟਰ ਤੇ ਚਕ੍ਰ ਲਗਾਉਣਾ ਕਦੇ -, ਕਦੇ ਹੁੰਦਾ ਲੇਕਿਨ ਹੁਣ ਅਵਿਅਕਤ ਰੂਪ ਵਿਚ ਤੇ ਪਵਿਤ੍ਰ ਪ੍ਰਵਿਤੀ ਵਿੱਚ ਵੀ ਚਕ੍ਰ ਲਗਾਉਂਦੇ ਹਨ। ਬਾਪ ਨੂੰ ਕੰਮ ਹੀ ਕੀ ਹੈ, ਬੱਚਿਆਂ ਨੂੰ ਸਮਾਨ ਬਣਾ ਕੇ ਨਾਲ ਲੈ ਜਾਣਾ, ਇਹ ਹੀ ਤੇ ਕੰਮ ਹੈ ਨਾ, ਹੋਰ ਕੀ ਹੈ? ਤਾਂ ਉਸ ਵਿੱਚ ਹੀ ਬੀਜੀ ਰਹਿੰਦੇ ਹਨ।

ਤਾਂ ਅੱਜ ਦੇ ਦਿਨ ਬਾਪਦਾਦਾ ਬੱਚਿਆਂ ਨੂੰ ਵਿਸ਼ੇਸ਼ ਮਿਹਨਤ ਤੋਂ ਮੁਕਤ ਭਵ ਦਾ ਵਰਦਾਨ ਦਿੰਦੇ ਹਨ। ਕੋਈ ਵੀ ਕੰਮ ਕਰੋ ਤਾਂ ਡਬਲ ਲਾਈਟ ਬਣ ਕੇ ਕਰੋ, ਤਾਂ ਮਿਹਨਤ ਮਨੋਰੰਜਨ ਅਨੁਭਵ ਕਰਨਗੇ ਕਿਉਂਕਿ ਬਾਪਦਾਦਾ ਨੂੰ ਬੱਚਿਆਂ ਦੀ ਮਿਹਨਤ ਕਰਨਾ, ਯੁੱਧ ਕਰਨਾ, ਹਾਰ ਅਤੇ ਜਿੱਤ ਦਾ ਖੇਲ ਕਰਨਾ - ਇਹ ਚੰਗਾ ਨਹੀਂ ਲਗਦਾ। ਤਾਂ ਮੁਕਤ ਵਰ੍ਹਾ ਮਨਾ ਰਹੇ ਹੋ ਨਾ! ਮਨਾ ਰਹੇ ਹੋ ਜਾਂ ਮਿਹਨਤ ਵਿੱਚ ਲੱਗੇ ਹੋਏ ਹੋ? ਅੱਜ ਦੇ ਦਿਨ ਵਿਸ਼ੇਸ਼ ਇਹ ਵਰਦਾਨ ਯਾਦ ਰੱਖਣਾ - ਮਿਹਨਤ ਤੋਂ ਮੁਕਤ ਭਵ। ਇਹ ਸੰਗਮਜੁਗ ਮਿਹਨਤ ਤੋਂ ਮੁਕਤ ਹੋਣ ਦਾ ਯੁੱਗ ਹੈ। ਮੌਜ ਵਿਚ ਰਹਿਣ ਦਾ ਹੈ। ਜੇਕਰ ਮਿਹਨਤ ਹੈ ਤਾਂ ਮੌਜ ਨਹੀਂ ਹੋ ਸਕਦੀ ਹੈ। ਇੱਕ ਹੀ ਯੁੱਗ ਪਰਮ ਆਤਮਾ ਅਤੇ ਆਤਮਾਵਾਂ ਦਾ ਮੌਜ ਮਨਾਉਣ ਦਾ ਯੁੱਗ ਹੈ। ਆਤਮਾ, ਪਰਮਾਤਮਾ ਦੇ ਸਨੇਹ ਦਾ ਯੁੱਗ ਹੈ। ਮਿਲਣ ਦਾ ਯੁੱਗ ਹੈ। ਤਾਂ ਦ੍ਰਿੜ ਸੰਕਲਪ ਕਰੋ ਕਿ ਅੱਜ ਤੋਂ ਮਿਹਨਤ ਤੋਂ ਮੁਕਤ ਹੋ ਜਾਵਾਂਗੇ। ਹੋਵੋਗੇ ਨਾ? ਫਿਰ ਇਵੇਂ ਨਹੀਂ ਇੱਥੇ ਤਾਂ ਹੱਥ ਉਠਾਓ ਅਤੇ ਉੱਥੇ ਜਾਕੇ ਕਹੋ ਕੀ ਕਰੀਏ, ਕਿਵੇਂ ਕਰੀਏ? ਕਿਉਂਕਿ ਬਾਪਦਾਦਾ ਦੇ ਕੋਲ ਹਰ ਇੱਕ ਬੱਚੇ ਦੇ ਦ੍ਰਿੜ੍ਹ ਸੰਕਲਪ ਕਰਨ ਦਾ ਪੂਰਾ ਫ਼ਾਇਲ ਹੈ। ਬਾਪਦਾਦਾ ਕਦੇ ਬੱਚਿਆਂ ਦਾ ਫ਼ਾਇਲ ਵੇਖਦੇ ਹਨ। ਬਾਰ - ਬਾਰ ਦ੍ਰਿੜ ਸੰਕਲਪ ਕੀਤਾ ਹੈ ਨਾ। ਜਦੋਂ ਤੋਂ ਜਨਮ ਲਿਆ ਹੁਣ ਤੱਕ ਕਿੰਨੀ ਵਾਰ ਸੰਕਲਪ ਕੀਤਾ ਹੈ, ਇਹ ਕਰਾਂਗੇ, ਇਹ ਕਰਾਂਗੇ.. ਲੇਕਿਨ ਉਸ ਨੂੰ ਪੂਰਾ ਨਹੀਂ ਕੀਤਾ ਹੈ। ਰੂਹਰਿਹਾਨ ਬਹੁਤ ਚੰਗੀ ਕਰਦੇ ਹਨ, ਬਾਪਦਾਦਾ ਨੂੰ ਵੀ ਖੁਸ਼ ਕਰ ਦਿੰਦੇ ਹਨ। ਜਿਵੇਂ ਜਗਿਆਸੂਆਂ ਨੂੰ ਪ੍ਰਭਾਵਿਤ ਕਰ ਦਿੰਦੇ ਹੋ ਨਾ, ਤਾਂ ਬਾਪਦਾਦਾ ਨੂੰ ਵੀ ਪ੍ਰਭਾਵਿਤ ਤਾਂ ਕਰ ਦਿੰਦੇ ਹਨ ਲੇਕਿਨ ਦ੍ਰਿੜ ਸੰਕਲਪ ਦਾ ਪ੍ਰਭਾਵ ਥੋੜ੍ਹਾ ਸਮਾਂ ਰਹਿੰਦਾ ਹੈ, ਸਦਾ ਨਹੀਂ ਰਹਿੰਦਾ। ਤਾਂ ਬਾਪਦਾਦਾ ਦਾ ਫ਼ਾਇਲ ਤਾਂ ਵਧਦਾ ਜਾਂਦਾ ਹੈ। ਜਦੋਂ ਕੋਈ ਵੀ ਫੰਕਸ਼ਨ ਹੁੰਦਾ ਹੈ ਤਾਂ ਬਾਪਦਾਦਾ ਦੀ ਫਾਈਲ ਵਿੱਚ ਇੱਕ ਪ੍ਰਤਿਗਿਆ ਪਤ੍ਰ ਤਾਂ ਜਮਾ ਹੋ ਹੀ ਜਾਂਦਾ ਹੈ, ਇਸਲਈ ਬਾਪਦਾਦਾ ਲਿਖਾਉਂਦੇ ਨਹੀਂ ਹਨ।

ਅੱਜ ਵੀ ਸਾਰੇ ਸੰਕਲਪ ਤੇ ਕਰ ਰਹੇ ਹਨ, ਹੁਣ ਕਦੋਂ ਤੱਕ ਚਲਦਾ ਹੈ, ਫਾਈਲ ਵਿੱਚ ਕਾਗਜ਼ ਕਦੋਂ ਤੱਕ ਰਹਿੰਦਾ ਹੈ, ਬਾਪ ਵੀ ਵੇਖਦੇ ਰਹਿੰਦੇ ਹਨ। ਬੱਚਿਆਂ ਦਾ ਬਾਪ ਸਮਾਨ ਬਣਨਾ ਅਤੇ ਫ਼ਾਇਲ ਖਤਮ ਹੋਕੇ ਫਾਈਨਲ ਹੋ ਜਾਣਗੇ। ਹਾਲੇ ਤੇ ਢੇਰ ਦੇ ਢੇਰ ਫ਼ਾਇਲ ਹਨ। ਤਾਂ ਸਿਰਫ ਸਨੇਹ ਵਿੱਚ ਡੁੱਬੇ ਰਹੋ, ਸਨੇਹ ਦੇ ਸਾਗਰ ਤੋਂ ਬਾਹਰ ਨਹੀਂ ਨਿਕਲੋ। ਬ੍ਰਹਮਾ ਬਾਪ ਨਾਲ ਦਿਲ ਦਾ ਸਨੇਹ ਹੈ ਨਾ? ਤਾਂ ਸਨੇਹੀ ਨੂੰ ਫਾਲੋ ਕਰਨਾ ਮੁਸ਼ਕਿਲ ਨਹੀਂ ਹੁੰਦਾ ਹੈ। ਸਨੇਹ ਦੇ ਲਈ ਕਹਿੰਦੇ ਵੀ ਹੋ ਕਿ ਜਿੱਥੇ ਸਨੇਹ ਹੈ ਉੱਥੇ ਜਾਨ ਵੀ ਕੁਰਬਾਨ ਹੋ ਜਾਂਦੀ ਹੈ। ਬਾਪਦਾਦਾ ਤੇ ਜਾਨ ਨੂੰ ਕੁਰਬਾਨ ਕਰਨ ਲਈ ਨਹੀਂ ਕਹਿੰਦੇ, ਪੁਰਾਣਾ ਜਹਾਨ ਕੁਰਬਾਨ ਕਰ ਦਵੋ। ਇਸ ਦੀ ਫਾਈਨਲ ਡੇਟ ਫ਼ਿਕਸ ਕਰੋ। ਹੋਰ ਫੰਕਸ਼ਨ ਦੀ ਡੇਟ ਤੇ ਫਿਕਸ ਕਰਦੇ ਹੋ, 20 ਤਾਰੀਖ਼ ਹੈ, 24 ਤਾਰੀਖ ਹੈ। ਇਸ ਦੀ ਡੇਟ ਕਦੋਂ ਫਿਕਸ ਕਰੋਗੇ? ( ਇਸ ਦੀ ਡੇਟ ਬਾਪਦਾਦਾ ਫਿਕਸ ਕਰਨ) ਬਾਪਦਾਦਾ ਕਦੇ ਸ਼ਬਦ ਕਹਿੰਦੇ ਹੀ ਨਹੀਂ ਹਨ, ਹੁਣ ਕਹਿੰਦੇ ਹਨ। ਬਾਪਦਾਦਾ ਕਦੇ ਤੇ ਛੱਡਦਾ ਹੈ ਕੀ? ਹੁਣ ਕਹਿੰਦਾ ਹੈ। ਜੋ ਕਰਨਾ ਹੈ ਉਹ ਹੁਣ ਕਰੋ। ਲੇਕਿਨ ਬਾਪਦਾਦਾ ਤੇ ਸਮਰੱਥ ਹੈ ਨਾ, ਤਾਂ ਸਮਰੱਥ ਦੇ ਹਿਸਾਬ ਨਾਲ ਤੇ ਹੁਣ ਕਹਿਣਗੇ। ਬੱਚੇ ਕਦੋਂ, ਕਦੋਂ ਦੀ ਆਦਤ ਨਾਲ ਹਿਰੇ ਹੋਏ ਹਨ। ਇਸ ਲਈ ਬਾਪਦਾਦਾ ਬੱਚਿਆਂ ਨੂੰ ਕਹਿੰਦੇ ਹਨ ਕਿ ਇਹ ਡੇਟ ਕਦੋਂ ਫਿਕਸ ਕਰੋਗੇ? ਤੁਸੀਂ ਵੀ ਕਦੋਂ, ਕਦੋਂ ਕਹਿੰਦੇ ਹੋ ਤਾਂ ਬਾਪ ਵੀ ਕਦੋਂ ਕਹਿੰਦੇ ਹਨ।

ਹੁਣ ਸਮੇਂ ਪ੍ਰਮਾਣ ਸਭਨੂੰ ਬੇਹੱਦ ਦੇ ਵੈਰਾਗ ਵ੍ਰਿਤੀ ਵਿੱਚ ਜਾਣਾ ਹੀ ਹੋਵੇਗਾ। ਲੇਕਿਨ ਬਾਪਦਾਦਾ ਸਮਝਦੇ ਹਨ ਕਿ ਬੱਚਿਆਂ ਦਾ ਸਮੇਂ ਸਿੱਖਿਅਕ ਨਹੀਂ ਬਣੇ, ਜਦੋਂ ਬਾਪ ਸਿੱਖਿਅਕ ਹਨ ਤਾਂ ਸਮੇਂ ਤੇ ਬਣਨਾ - ਇਹ ਸਮੇਂ ਨੂੰ ਸਿੱਖਿਅਕ ਬਨਾਉਣਾ ਹੈ। ਉਸ ਵਿੱਚ ਮਾਰਕਸ ਘਟ ਹੀ ਜਾਂਦੇ ਹਨ। ਹਾਲੇ ਵੀ ਕਈ ਬੱਚੇ ਕਹਿੰਦੇ ਹਨ ਸਮੇਂ ਸਿਖਾ ਦਵੇਗਾ, ਸਮੇਂ ਬਦਲ ਦਵੇਗਾ। ਇਸ ਸਮੇਂ ਅਨੁਸਾਰ ਤਾਂ ਸਾਰੇ ਵਿਸ਼ਵ ਦੀ ਆਤਮਾਵਾਂ ਬਦਲੇਗੀ ਪਰ ਤੁਸੀਂ ਬੱਚੇ ਸਮੇਂ ਦਾ ਇੰਤਜ਼ਾਰ ਨਹੀਂ ਕਰੋ। ਸਮੇਂ ਨੂੰ ਸਿੱਖਿਅਕ ਨਹੀਂ ਬਣਾਓ। ਤੁਸੀਂ ਵਿਸ਼ਵ ਦੇ ਸਿੱਖਿਅਕ ਦੇ ਮਾਸਟਰ ਵਿਸ਼ਵ ਸਿੱਖਿਅਕ ਹੋ, ਰਚਤਾ ਹੋ, ਸਮੇਂ ਰਚਨਾ ਹੈ ਤਾਂ ਹੇ ਰਚਤਾ ਆਤਮਾਵਾਂ ਰਚਨਾ ਨੂੰ ਸਿੱਖਿਅਕ ਨਹੀਂ ਬਣਾਓ। ਬ੍ਰਹਮਾ ਬਾਪ ਨੇ ਸਮੇਂ ਨੂੰ ਸਿੱਖਿਅਕ ਨਹੀਂ ਬਣਾਇਆ, ਬੇਹੱਦ ਦਾ ਵੈਰਾਗ ਆਦਿ ਤੋਂ ਅੰਤ ਤੱਕ ਰਿਹਾ। ਆਦਿ ਵਿੱਚ ਦੇਖਿਆ ਇਨਾਂ ਤਨ

ਲਗਾਇਆ, ਮਨ ਲਗਾਇਆ, ਧਨ ਲਗਾਇਆ, ਪਰ ਜਰਾ ਵੀ ਲਗਾਵ ਨਹੀਂ ਰਿਹਾ। ਤਨ ਦੇ ਲਈ ਸਦਾ ਨੇਚੂਰਲ ਬੋਲ ਇਹ ਹੀ ਰਿਹਾ - ਬਾਬਾ ਦਾ ਰੱਥ ਹੈ। ਮੇਰਾ ਸ਼ਰੀਰ ਹੈ, ਨਹੀਂ। ਬਾਬਾ ਦਾ ਰੱਥ ਹੈ। ਬਾਬਾ ਦੇ ਰੱਥ ਨੂੰ ਖਵਾਉਂਦਾ ਹਾਂ, ਮੈਂ ਖਾਂਦਾ ਹਾਂ, ਨਹੀਂ। ਤਨ ਤੋਂ ਵੀ ਬੇਹੱਦ ਦਾ ਵੈਰਾਗ। ਮਨ ਤਾਂ ਮਨਮਨਾਭਵ ਸੀ ਹੀ। ਧਨ ਵੀ ਲਗਾਇਆ, ਪਰ ਕਦੀ ਇਹ ਸੰਕਲਪ ਵੀ ਨਹੀਂ ਆਇਆ ਕਿ ਮੇਰਾ ਧਨ ਲਗ ਰਿਹਾ ਹੈ। ਕਦੀ ਵਰਨਣ ਨਹੀਂ ਕੀਤਾ ਕਿ ਮੇਰਾ ਧਨ ਲਗ ਰਿਹਾ ਹੈ, ਜਾਂ ਮੈਂ ਧਨ ਲਗਾਇਆ ਹੈ। ਬਾਬਾ ਦਾ ਭੰਡਾਰਾ ਹੈ, ਭੋਲੇਨਾਥ ਦਾ ਭੰਡਾਰਾ ਹੈ। ਧਨ ਨੂੰ ਮੇਰਾ ਸਮਝਕੇ ਪਰਸਨਲ ਆਪਣੇ ਪ੍ਰਤੀ ਇੱਕ ਰੁਪਏ ਦੀ ਚੀਜ਼ ਵੀ ਯੂਜ਼ ਨਹੀਂ ਕੀਤੀ। ਕੰਨਿਆਵਾਂ, ਮਾਤਾਵਾਂ ਦੀ ਜ਼ਿਮੇਵਾਰੀ ਹੈ, ਕੰਨਿਆਵਾਂ - ਮਾਤਾਵਾਂ ਨੂੰ ਵਿਲ ਕੀਤਾ, ਮੇਰਾਪਨ ਨਹੀਂ। ਸਮੇਂ, ਸ਼ਵਾਸ ਆਪਣੇ ਪ੍ਰਤੀ ਨਹੀਂ, ਉਸ ਤੋਂ ਵੀ ਬੇਹੱਦ ਦੇ ਵੈਰਾਗੀ ਰਹੇ। ਇਨਾਂ ਸਭ ਕੁਝ ਪ੍ਰਕ੍ਰਿਤੀ ਦਾਸੀ ਹੁੰਦੇ ਹੋਏ ਵੀ ਕੋਈ ਐਕਸਟ੍ਰਾ ਸਾਧਨ ਯੂ ਨਹੀਂ ਕੀਤਾ। ਸਦਾ ਸਧਾਰਨ ਲਾਈਫ ਵਿੱਚ ਰਹੇ। ਕੋਈ ਸਪੈਸ਼ਲ ਚੀਜ ਆਪਣੇ ਕੰਮ ਵਿਚ ਨਹੀਂ ਲਗਾਈ। ਕੋਈ ਕਪੜੇ ਤੱਕ, ਇੱਕ ਹੀ ਤਰ੍ਹਾ ਦੇ ਕਪੜੇ ਅੰਤ ਤੱਕ ਰਹੇ। ਚੇਂਜ ਨਹੀਂ ਕੀਤਾ। ਬੱਚਿਆਂ ਦੇ ਲਈ ਮਕਾਨ ਬਣਾਏ ਖੁਦ ਯੂਜ਼ ਨਹੀਂ ਕੀਤਾ, ਬੱਚਿਆਂ ਦੇ ਕਹਿਣ ਤੇ ਵੀ ਸੁਣਦੇ ਹੋਏ ਉਪਰਾਮ ਰਹੇ। ਸਦਾ ਬੱਚਿਆਂ ਦਾ ਪਿਆਰ ਦੇਖਦੇ ਹੋਏ ਵੀ ਇਹ ਹੀ ਸ਼ਬਦ ਰਹੇ - ਸਭ ਬੱਚਿਆਂ ਦੇ ਲਈ ਹੈ। ਤਾਂ ਇਸਨੂੰ ਕਿਹਾ ਜਾਂਦਾ ਹੈ ਬੇਹੱਦ ਦੀ ਵੈਰਾਗ ਵ੍ਰਿਤੀ ਪ੍ਰਤੱਖ ਜੀਵਨ ਵਿੱਚ ਰਹੋ। ਅੰਤ ਵਿੱਚ ਦੇਖੋ ਬੱਚੇ ਸਾਮਣੇ ਹਨ, ਹੱਥ ਫੜਿਆ ਹੋਇਆ ਹੈ ਪਰ ਲਗਾਵ ਰਿਹਾ? ਬੇਹੱਦ ਦੀ ਵੈਰਾਗ ਵ੍ਰਿਤੀ। ਸਨੇਹੀ ਬੱਚੇ, ਅੰਨਿਨਿਆ ਬੱਚੇ ਸਾਹਮਣੇ ਹੁੰਦੇ ਹੋਏ ਫਿਰ ਵੀ ਬੇਹੱਦ ਦਾ ਵੈਰਾਗ ਰਿਹਾ। ਸੈਕਿੰਡ ਵਿੱਚ ਉਪਰਾਮ ਵ੍ਰਿਤੀ ਦਾ, ਬੇਹੱਦ ਦਾ ਵੈਰਾਗ ਦਾ ਸਬੂਤ ਦੇਖਿਆ। ਇੱਕ ਹੀ ਲਗਣ ਸੇਵਾ ਸੇਵਾ, ਸੇਵਾ ਅਤੇ ਸੇਵਾ .....ਹੋਰ ਸਾਰੀਆਂ ਗੱਲਾਂ ਤੋਂ ਉਪਰਾਮ। ਇਸਨੂੰ ਕਿਹਾ ਜਾਂਦਾ ਹੈ ਬੇਹੱਦ ਦਾ ਵੈਰਾਗ। ਹੁਣ ਸਮੇਂ ਪ੍ਰਮਾਣ ਬੇਹੱਦ ਦੇ ਵੈਰਾਗ ਵ੍ਰਿਤੀ ਨੂੰ ਇਮਰਜ਼ ਕਰੋ। ਬਿਨਾ ਬੇਹੱਦ ਦੇ ਵੈਰਾਗ ਵ੍ਰਿਤੀ ਦੇ ਸਾਕਸ਼ ਦੀ ਸੇਵਾ ਹੋ ਨਹੀਂ ਸਕਦੀ। ਫਾਲੋ ਫ਼ਾਦਰ ਕਰੋ। ਸਾਕਾਰ ਵਿੱਚ ਬ੍ਰਹਮਾ ਬਾਪ ਰਿਹਾ, ਨਿਰਾਕਾਰ ਦੀ ਤਾਂ ਗੱਲ ਛੱਡੋ। ਸਾਕਾਰ ਵਿੱਚ ਸਰਵ ਪ੍ਰਾਪਤੀ ਦਾ ਸਾਧਨ ਹੁੰਦੇ ਹੋਏ, ਸਰਵ ਬੱਚਿਆਂ ਦੀ ਜਿੰਮੇਵਾਰੀ ਹੁੰਦੇ ਹੋਏ, ਸਰਕਮਸਟਾਅੰਸ, ਸਮੱਸਿਆਵਾਂ ਆਉਂਦੇ ਹੋਏ ਪਾਸ ਹੋ ਗਏ ਹੋ ਨਾ! ਪਾਸ ਵਿਦ ਆਨਰ ਦਾ ਸਰਟੀਫਿਕੇਟ ਲੈ ਲਿਆ। ਵਿਸ਼ੇਸ਼ ਕਾਰਣ ਬੇਹੱਦ ਦੀ ਵੈਰਾਗ ਵ੍ਰਿਤੀ। ਹਾਲੇ ਸੂਕ੍ਸ਼੍ਮ ਸੋਨੇ ਦੀ ਜੰਜੀਰ ਦੇ ਲਗਾਵ, ਬਹੁਤ ਮਹੀਨ ਸੂਕ੍ਸ਼੍ਮ ਲਗਾਵ ਬਹੁਤ ਹਨ। ਕਈ ਬੱਚੇ ਤਾਂ ਲਗਾਵ ਨੂੰ ਸਮਝਦੇ ਵੀ ਨਹੀਂ ਹਨ ਕਿ ਇਹ ਲਗਾਵ ਹੈ। ਸਮਝਦੇ ਹਨ - ਇਹ ਤਾਂ ਹੁੰਦਾ ਹੀ ਹੈ, ਇਹ ਤੇ ਚੱਲਦਾ ਹੀ ਹੈ। ਮੁਕਤ ਹੋਣਾ ਹੈ, ਨਹੀਂ। ਪਰ ਇਵੇਂ ਤਾਂ ਚੱਲਣਾ ਹੀ ਹੈ। ਅਨੇਕ ਤਰ੍ਹਾਂ ਦੇ ਲਗਾਵ ਬੇਹੱਦ ਦੇ ਵੈਰਾਗੀ ਬਣਨ ਨਹੀਂ ਦਿੰਦੇ ਹਨ। ਚਾਹਣਾ ਹੈ ਬਣਨ, ਸੰਕਲਪ ਵੀ ਕਰਦੇ ਹਨ–ਬਣਨਾ ਹੀ ਹੈ। ਪਰ ਚਾਉਣਾ ਅਤੇ ਕਰਨਾ ਦੋਵਾਂ ਦਾ ਬੈਲੇਂਸ ਨਹੀਂ ਹੈ। ਚਾਹਨਾ ਜ਼ਿਆਦਾ ਹੈ, ਕਰਨਾ ਘੱਟ ਹੈ। ਕਰਨਾ ਹੀ ਹੈ - ਇਹ ਵੈਰਾਗ ਵ੍ਰਿਤੀ ਹੁਣ ਇਮਰਜ ਨਹੀਂ ਹੈ। ਵਿੱਚ - ਵਿੱਚ ਇਮਰਜ਼ ਹੁੰਦੀ ਹੈ, ਫਿਰ ਮਰਜ਼ ਹੋ ਜਾਂਦੀ ਹੈ। ਸਮੇਂ ਤਾਂ ਕਰੇਗਾ ਹੀ ਪਰ ਪਾਸ ਵਿਦ ਆਨਰ ਨਹੀਂ ਬਣ ਸਕਦੇ। ਪਾਸ ਹੋਣਗੇ ਪਰ ਪਾਸ ਵਿਦ ਆਨਰ ਨਹੀਂ। ਸਮੇਂ ਦੀ ਰਫ਼ਤਾਰ ਤੇਜ਼ ਹੈ, ਪੁਰਸ਼ਾਰਥ ਦੀ ਰਫ਼ਤਾਰ ਘੱਟ ਹੈ। ਮੋਟਾ - ਮੋਟਾ ਪੁਰਸ਼ਾਰਥ ਤਾਂ ਹੈ ਪਰ ਸੂਕ੍ਸ਼੍ਮ ਲਗਾਵ ਵਿੱਚ ਬੰਧ ਜਾਂਦੇ ਹਨ।

ਬਾਪਦਾਦਾ ਜਦੋਂ ਬੱਚਿਆਂ ਦੇ ਗੀਤ ਸੁਣਦੇ ਹਨ - ਉੱਡ ਗਏ, ਉੱਡ ਆਏ ....ਤਾਂ ਸੋਚਦੇ ਹਨ ਉਡਾ ਤਾਂ ਲਵੇਂ ਪਰ ਲਗਾਵ ਉੱਡਣ ਦੇਣਗੇ ਜਾਂ ਨਾ ਇਧਰ ਦੇ ਰਹਿਣਗੇ ਨਾ ਉਦਰ ਦੇ ਰਹਿਣਗੇ? ਹੁਣ ਸਮੇਂ ਪ੍ਰਮਾਣ ਲਗਾਵ -ਮੁਕਤ ਬੇਹੱਦ ਦੇ ਵੈਰਾਗੀ ਬਣੋ। ਮਨ ਤੋਂ ਵੈਰਾਗ ਹੋਵੇ ਪ੍ਰੋਗਰਾਮ ਪ੍ਰਮਾਣ ਜੋ ਵੈਰਾਗ ਅਉੱਦਾ ਹੈ ਉਹ ਅਲਪਕਾਲ ਦਾ ਹੁੰਦਾ ਹੈ। ਚੈਕ ਕਰੋ - ਆਪਣੇ ਸੂਕ੍ਸ਼੍ਮ ਲਗਾਵ ਨੂੰ। ਮੋਟੀ - ਮੋਟੀ ਗੱਲਾਂ ਹੁਣ ਖ਼ਤਮ ਹੋਈਆਂ ਹਨ, ਕੁਝ ਬੱਚੇ ਮੋਟੇ -ਮੋਟੇ ਲਗਾਵ ਤੋਂ ਮੁਕਤ ਹਨ ਵੀ ਪਰ ਸੂਕ੍ਸ਼੍ਮ ਲਗਾਵ ਬਹੁਤ ਸੂਕ੍ਸ਼੍ਮ ਹਨ, ਜੋ ਖੁਦ ਤੋਂ ਵੀ ਚੈਕ ਨਹੀਂ ਹੁੰਦੇ ਹਨ। (ਪਤਾ ਨਹੀਂ ਪੈਂਦੇ ਹਨ) ਚੈਕ ਕਰੋ, ਚੰਗੀ ਤਰ੍ਹਾਂ ਨਾਲ ਚੈਕ ਕਰੋ। ਸੰਪੂਰਨਤਾ ਦੇ ਦਰਪਣ ਨਾਲ ਲਗਾਵ ਚੈਕ ਕਰੋ। ਇਹ ਹੀ ਬ੍ਰਹਮਾ ਬਾਪ ਦੇ ਸਮ੍ਰਿਤੀ ਦਿਵਸ ਦੀ ਗਿਫ਼੍ਟ ਬ੍ਰਹਮਾ ਬਾਪ ਨੂੰ ਦਵੋ। ਪਿਆਰ ਹੈ ਨਾ, ਤਾਂ ਪਿਆਰ ਵਿੱਚ ਕੀ ਕੀਤਾ ਜਾਂਦਾ ਹੈ? ਗਿਫਟ ਦਿੰਦੇ ਹੋ ਨਾ? ਤਾਂ ਇਹ ਗਿਫ਼੍ਟ ਦਵੋ। ਛੱਡੋ, ਸਭ ਕਿਨਾਰੇ ਛੱਡੋ। ਮੁਕਤ ਹੋ ਜਾਓ। ਬਾਪਦਾਦਾ ਖੁਸ਼ ਵੀ ਹੁੰਦੇ ਹਨ ਕਿ ਬੱਚਿਆਂ ਵਿੱਚ ਉਮੰਗ - ਉਤਸ਼ਾਹ ਉੱਠਦਾ ਹੈ, ਬਹੁਤ ਚੰਗੇ -ਚੰਗੇ ਖੁਦ ਦੇ ਉੱਨਤੀ ਦੇ ਸੰਕਲਪ ਵੀ ਕਰਦੇ ਹਨ। ਹੁਣ ਉਹਨਾਂ ਸੰਕਲਪਾਂ ਨੂੰ ਕਰਕੇ ਦਿਖਾਓ। ਅੱਛਾ!

ਅੱਜ ਵਿਸ਼ੇਸ਼ ਟੀਚਰਸ ਦਾ ਸੰਗਠਨ ਇਕੱਠਾ ਹੋਇਆ ਹੈ। ਸੇਵਾ ਦਾ ਰਿਟਰਨ ਇਹ ਉਤਸਵ ਰੱਖਿਆ ਜਾਂਦਾ ਹੈ। ਬਾਪਦਾਦਾ ਖੁਸ਼ ਹੁੰਦੇ ਹਨ ਕਿ ਬੱਚਿਆਂ ਨੂੰ ਸੇਵਾ ਦਾ ਫਲ ਮਿਲ ਰਿਹਾ ਹੈ ਅਤੇ ਮਨਾ ਰਹੇ ਹਨ, ਖਾ ਰਹੈ ਹਨ। ਸੇਵਾ ਵਿੱਚ ਨੰਬਰਵਨ ਸਫਲ ਰਹੇ ਹਨ ਅਤੇ ਰਹਿੰਦੇ ਰਹਿਣਗੇ। ਅੱਛਾ।

ਚਾਰੋਂ ਪਾਸੇ ਦੇ ਦੇਸ਼ ਵਿਦੇਸ਼ ਦੇ ਸੇਨਹ ਵਿੱਚ ਸਮਾਏ ਹੋਏ ਸਨੇਹੀ ਬੱਚਿਆਂ ਨੂੰ, ਸਦਾ ਬਾਪ ਦੇ ਸਨੇਹ ਦੇ ਸਾਗਰ ਵਿੱਚ ਸਮਾਏ ਹੋਏ ਰਹੇਂ ਵਾਲੇ ਅਤਿ ਸਮੀਪ ਆਤਮਾਵਾਂ ਨੂੰ, ਸਦਾ ਬ੍ਰਹਮਾ ਬਾਪ ਦੀ ਵਿਸ਼ੇਤਾਵਾਂ ਨੂੰ ਖੁਦ ਵਿੱਚ ਧਾਰਨ ਕਰਨ ਵਾਲੀ ਸ੍ਰੇਸ਼ਠ ਆਤਮਾਵਾਂ ਨੂੰ, ਸਦਾ ਮਿਹਨਤ ਮੁਕਤ ਹੋ, ਮੌਜ ਵਿੱਚ ਰਹਿਣ ਵਾਲੀ ਪਰਮਾਤਮ ਪਿਆਰ ਵਿੱਚ ਉੱਡਣ ਵਾਲੀ ਆਤਮਾਵਾਂ ਨੂੰ ਬਾਪ ਸਮਾਨ ਬਣਨ ਦੇ ਸੰਕਲਪ ਨੂੰ ਸਾਕਾਰ ਵਿੱਚ ਲਿਆਉਣ ਵਾਲੇ ਅਜਿਹੇ ਦਿਲਾਰਾਮ ਬਾਪ ਦੇ ਦਿਲ ਵਿੱਚ ਸਮਾਏ ਹੋਏ ਬੱਚਿਆਂ ਨੂੰ, ਵਿਸ਼ੇਸ਼ ਅੱਜ ਦੇ ਦਿਨ ਦੀ ਬ੍ਰਹਮਾ ਬਾਪ ਦੀ ਪਦਮ - ਪਦਮਗੁਣਾਂ ਯਾਦਪਿਆਰ ਸਵੀਕਾਰ ਹੋ। ਬਾਪਦਾਦਾ ਤੇ ਸਦਾ ਬੱਚਿਆਂ ਦੇ ਦਿਲ ਵਿੱਚ ਰਹਿੰਦਾ ਹੈ, ਵਤਨ ਵਿੱਚ ਰਹਿੰਦੇ ਵੀ ਬੱਚਿਆਂ ਦੇ ਦਿਲ ਵਿੱਚ ਰਹਿੰਦੇ ਹਨ, ਤਾਂ ਅਜਿਹੇ ਦਿਲ ਵਿੱਚ ਸਮਾਉਣ ਵਾਲੇ ਬੱਚਿਆਂ ਨੂੰ ਬਾਪਦਾਦਾ ਦਾ

ਸੇਨਹ ਦੇ ਮੋਤੀਆਂ ਦੀ ਥਾਲੀਆਂ ਭਰ - ਭਰ ਕੇ ਯਾਦਪਿਆਰ ਅਤੇ ਨਮਸਤੇ।

**ਵਰਦਾਨ:-** ਸੰਕਲਪ ਰੂਪੀ ਬੀਜ਼ ਨੂੰ ਸਦਾ ਸਮਰਥ ਬਣਾਉਣ ਵਾਲੀ ਗਿਆਨੀ ਤੂੰ ਆਤਮਾ ਭਵ

ਗਿਆਨ ਸੁਣਨ ਅਤੇ ਸੁਣਾਉਣ ਦੇ ਨਾਲ - ਨਾਲ ਗਿਆਨ ਸਵਰੂਪ ਬਣੋ। ਗਿਆਨ ਸਵਰੂਪ ਮਤਲਬ ਜਿਨ੍ਹਾਂ ਦਾ ਹਰ ਸੰਕਲਪ, ਹਰ ਬੋਲ ਅਤੇ ਕਰਮ ਸਮਰਥ ਹੋਵੇ, ਵਿਅਰਥ ਸਮਾਪਤ ਹੋ ਜਾਏ। ਜਿੱਥੇ ਸਮਰਥ ਹੈ ਉੱਥੇ ਵਿਅਰਥ ਨਹੀਂ ਹੋ ਸਕਦਾ। ਜਿਵੇਂ ਪ੍ਰਕਾਸ਼ ਅਤੇ ਹਨ੍ਹੇਰਾ ਨਾਲ - ਨਾਲ ਨਹੀਂ ਹੁੰਦਾ। ਤਾਂ ਗਿਆਨ ਪ੍ਰਕਾਸ਼ ਹੈ, ਵਿਅਰਥ ਹਨ੍ਹੇਰਾ ਹੈ ਇਸਲਈ ਗਿਆਨੀ ਨੂੰ ਆਤਮਾ ਮਾਨਾ ਹਰ ਸੰਕਲਪ ਰੂਪੀ ਬੀਜ਼ ਸਮਰਥ ਹੋਵੇ। ਜਿਨ੍ਹਾਂ ਦੇ ਸੰਕਲਪ ਸਮਰਥ ਹਨ ਉਹਨਾਂ ਦੀ ਵਾਣੀ, ਕਰਮ, ਸੰਬੰਧ ਸਹਿਜ ਹੀ ਸਮਰਥ ਹੋ ਜਾਂਦਾ ਹੈ।

**ਸਲੋਗਨ:-** ਸੂਰਜਵੰਸ਼ ਵਿੱਚ ਜਾਣਾ ਹੈ ਤਾਂ ਯੋਗੀ ਬਣੋ, ਯੋਧੇ ਨਹੀਂ।

******

**ਸੂਚਨਾ:-** ਅੱਜ ਮਹੀਨੇ ਦਾ ਤੀਸਰਾ ਇਤਵਾਰ ਅੰਤਰਰਾਸ਼ਟਰੀ ਯੋਗ ਦਿਵਸ ਹੈ, ਸਭ ਬ੍ਰਹਮਾਵਤਸ ਸੰਗਠਿਤ ਰੂਪ ਵਿੱਚ 6:30 ਤੋਂ 7.30 ਵਜੇ ਤੱਕ ਵਿਸ਼ੇਸ਼ ਆਪਣੇ ਫਰਿਸ਼ਤੇ ਸਵਰੂਪ ਵਿੱਚ ਸਥਿਤ ਹੋਕੇ, ਡਬਲ ਲਾਇਟ ਫਰਿਸ਼ਤਾ ਬਣ ਬਾਪਦਾਦਾ ਦੇ ਨਾਲ ਵਿਸ਼ਵ ਪਰਿਕ੍ਰਮਾ ਲਗਾਉਂਦੇ ਹੋਏ ਸਰਵ ਨੂੰ ਸਾਕਸ਼ ਦੇਣ ਦੀ ਸੇਵਾ ਕਰੋ। ਅਵਿੱਕਤ ਸਾਈਲੈਂਸ ਦਵਾਰਾ ਡਬਲ ਲਾਇਟ ਫਰਿਸ਼ਤਾ ਸਥਿਤੀ ਦਾ ਅਨੁਭਵ ਕਰੋ ਡਬਲ ਜਿੰਮੇਵਾਰੀ ਹੁੰਦੇ ਵੀ ਡਬਲ ਲਾਇਟ ਰਹੋ। ਡਬਲ ਲਾਇਟ ਰਹਿਣ ਨਾਲ ਲੌਕਿਕ ਜਿੰਮੇਵਾਰੀ ਕਦੀ ਥਕਾਏਗੀ ਨਹੀਂ ਕਿਉਕਿ ਟ੍ਰਸਟੀ ਹੋ। ਟ੍ਰਸਟੀ ਨੂੰ ਕੀ ਥਕਾਵਟ। ਆਪਣੀ ਗ੍ਰਹਿਸਤੀ, ਆਪਣੀ ਪ੍ਰਵ੍ਰਿਤੀ ਸਮਝਣਗੇ ਤਾਂ ਬੋਝ ਹੈ। ਆਪਣਾ ਹੈ ਹੀ ਨਹੀਂ ਤਾਂ ਬੋਝ ਕਿਸ ਗੱਲ ਦਾ ਬਿਲਕੁਲ ਨਿਆਰੇ ਅਤੇ ਪਿਆਰੇ ਬਾਲਕ ਸੋ ਮਾਲਿਕ।